# ਸਰੋਤ

### Legal Aid Ontario – ਕਨੂੰਨੀ ਸਹਾਇਤਾ ਓਨਟਾਰਿਓ

ਸਧਾਰਨ ਜਾਣਕਾਰੀ ਲੈਣ ਅਤੇ ਘੱਟ-ਆਮਦਨੀ ਵਾਲੇ ਗਾਹਕਾਂ ਦੀ ਮਦਦ ਕਰ ਸਕਣ ਵਾਲੇ ਵਕੀਲਾਂ ਦੇ ਹਵਾਲੇ ਪ੍ਰਾਪਤ ਕਰਨ ਲਈ www.legalaid.on.ca ਤੇ ਜਾਓ ਜਾਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤਕ 1-800-668-8258, ਤੇ ਕਾਲ ਕਰੋ

### Law Society Lawyer Referral Service – ਕਨੂੰਨੀ ਸਮਾਜ ਵਕੀਲ ਹਵਾਲਾ ਸੇਵਾ

ਨਿਜੀ ਵਕੀਲਾਂ ਦੇ ਹਵਾਲਿਆਂ ਲਈ http://lsrs.lsuc.on.ca/lsrs/ ਤੇ ਜਾਓ ਜਾਂ 1-800-268-8326 ਤੇ ਕਾਲ ਕਰੋ; ਪਹਿਲੇ 30 ਮਿੰਟ ਮੁਫ਼ਤ ਹਨ

### Community Legal Education Ontario – ਸਮੁਦਾਇਕ ਕਨੂੰਨੀ ਸਿੱਖਿਆ ਓਨਟਾਰਿਓ

ਪਰਿਵਾਰਕ ਕਨੂੰਨ, ਇਮੀਗ੍ਰੇਸ਼ਨ (ਅਪ੍ਰਵਾਸਨ) ਕਨੂੰਨ ਅਤੇ ਸਧਾਰਨ ਅਦਾਲਤੀ ਪ੍ਰਣਾਲੀ ਬਾਰੇ ਜਾਣਕਾਰੀ ਲਈ www.cleo.on.ca, ਤੇ ਜਾਓ। ਆਨਲਾਈਨ ਦਿੱਤੀ ਪੁਸਤਿਕਾ ਵਿੱਚ, *Family Law Resources in Ontario* – ਓਨਟਾਰਿਓ ਵਿੱਚ ਪਰਿਵਾਰਕ ਕਨੂੰਨ ਸਰੋਤ, ਇਸ ਸਬੰਧੀ ਜਾਣਕਾਰੀ ਮੁਹੱਈਆ ਕਰਦੀ ਹੈ ਕਿ ਵਕੀਲ ਦੀ ਭਾਲ ਕਿਵੇਂ ਕਰਨੀ ਹੈ, ਆਨਲਾਈਨ ਜਾਣਕਾਰੀ ਕਿਵੇਂ ਲੱਭਣੀ ਹੈ, ਅਤੇ ਅਦਾਲਤ ਤੋਂ ਮਦਦ ਕਿਵੇਂ ਪ੍ਰਾਪਤ ਕਰਨੀ ਹੈ।





# ਅਪ੍ਰਵਾਸੀਆਂ ਅਤੇ ਦੇਸ਼ਨਿਕਾਲੇ ਦੇ ਜੋਖਮ ਤੇ ਹੋਣ ਵਾਲੇ ਲੋਕਾਂ ਦੀ ਬਾਲ-ਸਾਂਭ-ਸੰਭਾਲ ਅਤੇ ਪਹੁੰਚ-ਸਬੰਧੀ ਮੁੱਦੇ

LEGAL AID ONTARIO
AIDE JURIDIQUE ONTARIO

ਇਹ ਬਰੋਸ਼ਰ (ਪਰਚਾ) ਅਜਿਹੇ ਸ਼ਰਨਾਰਥੀ ਦਾਅਵੇਦਾਰਾਂ ਲਈ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦਾ ਹੈ ਜੋ ਮਾਤਾ-ਪਿਤਾ ਹਨ ਅਤੇ ਆਪਣੇ ਸਾਥੀ ਤੋਂ ਵੱਖ ਹੋ ਗਏ ਹਨ।

# ਵਿਸ਼ਾ-ਵਸਤੂ


1 ਇਮੀਗ੍ਰੇਸ਼ਨ ਦਰਜਾ ਅਤੇ ਬਾਲ-ਸਾਂਭ-ਸੰਭਾਲ ਮੁੱਦੇ

6 ਪਤੀ/ਪਤਨੀ ਦੇ ਇੱਕ ਦੂਜੇ ਨਾਲ ਕਨੂੰਨੀ ਮੁੱਦੇ

10 ਸਰੋਤ

# ਇਮੀਗ੍ਰੇਸ਼ਨ ਦਰਜਾ ਅਤੇ ਬਾਲ-ਸਾਂਭ-ਸੰਭਾਲ ਮੁੱਦੇ

## ਮੈਂ ਕਨੇਡਾ ਦਾ ਨਾਗਰਿਕ ਨਹੀਂ ਹਾਂ ਅਤੇ ਮੈਨੂੰ ਕਨੇਡਾ ਵਿੱਚ ਕਨੂੰਨੀ ਦਰਜਾ ਪ੍ਰਾਪਤ ਨਹੀਂ ਹੈ। ਕੀ ਫਿਰ ਵੀ ਮੈਂ ਆਪਣੇ ਬੱਚਿਆਂ ਲਈ ਸਾਂਭ-ਸੰਭਾਲ ਦਾ ਜਿੰਮਾ ਪ੍ਰਾਪਤ ਕਰ ਸਕਦਾ/ਦੀ ਹਾਂ?

ਤੁਹਾਡੇ ਇਮੀਗ੍ਰੇਸ਼ਨ ਦਰਜੇ ਦਾ ਬੱਚੇ ਦੀ ਸਾਂਭ-ਸੰਭਾਲ ਅਤੇ ਪਹੁੰਚ ਸਬੰਧੀ ਤੁਹਾਡੇ ਅਧਿਕਾਰਾਂ, ਸਾਂਭ-ਸੰਭਾਲ ਜਾਂ ਪਹੁੰਚ ਲਈ ਦਾਅਵਾ ਕਰਨ ਦੀ ਤੁਹਾਡੀ ਯੋਗਤਾ, ਜਾਂ ਦਾਅਵੇ ਤੇ ਪ੍ਰਤੀਕਿਰਿਆ ਜਤਾਉਣ ਦੀ ਤੁਹਾਡੀ ਯੋਗਤਾ ਤੇ ਕੋਈ ਪ੍ਰਭਾਵ ਨਹੀਂ ਪੈਂਦਾ।

ਜਿੰਨੀ ਦੇਰ ਤਕ ਤੁਹਾਡਾ ਬੱਚਾ ਇਸ ਪ੍ਰਦੇਸ਼ ਵਿੱਚ ਰਹਿੰਦਾ ਹੈ, ਉੰਨੀ ਦੇਰ ਤਕ ਓਨਟਾਰਿਓ ਅਦਾਲਤਾਂ ਤੁਹਾਡੇ ਮਾਮਲੇ ਦੀ ਸੁਣਵਾਈ ਕਰ ਸਕਦੀਆਂ ਹਨ ਅਤੇ ਫੈਸਲਾ ਲੈ ਸਕਦੀਆਂ ਹਨ। ਇਹ ਹੇਠਲੇ ਵਿਅਕਤੀਆਂ ਵਾਸਤੇ ਸਹੀ ਹੈ:

- ਕਨੇਡਾ ਦਾ ਨਾਗਰਿਕ
- ਸਥਾਈ ਨਿਵਾਸੀ
- ਪ੍ਰਤਿਬੰਧਿਤ ਸਥਾਈ ਨਿਵਾਸੀ
- ਕਨੇਡਾ ਵਿੱਚ ਬਗੈਰ ਕਨੂੰਨੀ ਦਰਜੇ ਵਾਲਾ ਵਿਅਰਕਤੀ
- ਜਿਸ ਵਿਅਕਤੀ ਨੇ ਇਮੀਗ੍ਰੇਸ਼ਨ ਅਰਜ਼ੀ ਦੇ ਦਿੱਤੀ ਹੈ।

## ਕੀ ਹੋਵੇਗਾ ਜੇ ਮੈਨੂੰ ਕਨੇਡਾ ਛੱਡਣਾ ਪੈਂਦਾ ਹੈ?

ਜੇ ਅਦਾਲਤ ਨੂੰ ਲਗਦਾ ਹੈ ਕਿ ਤੁਸੀਂ ਜਾਂ ਤੁਹਾਡਾ ਪਤੀ ਜਾਂ ਪਤਨੀ ਕਨੇਡਾ ਛੱਡ ਕੇ ਦੂਜੇ ਦੇਸ਼ ਵਿੱਚ ਜਾ ਸਕਦੇ ਹਨ, ਤਾਂ ਅਦਾਲਤ ਸਾਂਭ-ਸੰਭਾਲ ਜਾਂ ਪਹੁੰਚ ਸਬੰਧੀ ਆਦੇਸ਼ ਦੇਣ ਸਮੇਂ ਇਸ ਜਾਣਕਾਰੀ ਨੂੰ ਧਿਆਨ ਵਿੱਚ ਰੱਖ ਸਕਦੀ ਹੈ। ਇਹ ਸੱਚਾਈ ਹੈ ਜੇ ਤੁਸੀਂ ਆਪਣੀ ਮਰਜੀ ਨਾਲ ਜਾ ਰਹੇ ਹੋ ਜਾਂ ਇਸ ਕਾਰਨ ਤੋਂ ਜਾ ਰਹੇ ਹੋ ਕਿ ਤੁਹਾਨੂੰ ਦੇਸ਼ਨਿਕਾਲਾ ਦਿੱਤਾ ਗਿਆ ਹੈ।

## ਮਾਰੀਆ ਅਤੇ ਫਿਲਿਪ ਦਾ ਬਹੁਤ ਥੋੜ੍ਹੇ ਸਮੇਂ ਦਾ ਰਿਸ਼ਤਾ ਸੀ ਜੋ ਬੋਬੀ ਦੇ ਪੈਦਾ ਹੋਣ ਤੋਂ ਬਾਅਦ ਛੇਤੀ ਹੀ ਟੁੱਟ ਗਿਆ।

ਫਿਲਿਪ ਸਮੇਂ ਸਮੇਂ ਤੇ ਆਉਂਦਾ ਸੀ ਅਤੇ ਕੁਝ ਖਰਚਾ ਦੇ ਦਿੰਦਾ ਸੀ, ਪਰ ਮਾਰੀਆ ਨੇ ਹਮੇਸ਼ਾ ਬੋਬੀ ਦੀ ਦੇਖਭਾਲ ਕੀਤੀ ਹੈ। ਮਾਰੀਆ ਦਾ ਕਨੇਡਾ ਵਿੱਚ ਕਨੂੰਨੀ ਦਰਜਾ ਨਹੀਂ ਹੈ ਅਤੇ ਉਸਨੂੰ ਖਤਰਾ ਹੈ ਕਿ ਉਸਨੂੰ ਆਪਣੇ ਵਤਨ ਵਾਪਸ ਜਾਣ ਦਾ ਦੇਸ਼-ਨਿਕਾਲਾ ਦਿੱਤਾ ਜਾ ਸਕਦਾ ਹੈ।

ਜੱਜ (ਨਿਆਂਕਾਰੀ) ਬੋਬੀ ਦੇ ਸਭ ਤੋਂ ਵਧੀਆ ਹਿੱਤਾਂ ਨੂੰ ਦੇਖਦੇ ਹੋਏ ਆਪਣਾ ਫੈਸਲਾ ਲੈਣਗੇ। ਫੈਸਲਾ ਇਹ ਵੀ ਹੋ ਸਕਦਾ ਹੈ ਕਿ ਮਾਰੀਆ ਬੋਬੀ ਨੂੰ ਸਾਂਭੇ ਭਾਵੇਂ ਉਹ ਆਪਣੇ ਵਤਨ ਵਾਪਸ ਜਾਂਦੀ ਹੈ ਜਾਂ ਨਹੀਂ।

## ਮੇਰੇ ਕੋਲ ਕਨੂੰਨੀ ਇਮੀਗ੍ਰੇਸ਼ਨ ਦਰਜਾ ਨਹੀਂ ਹੈ, ਪਰ ਮੈਂ ਕਿਸੇ ਪਰਿਵਾਰਕ ਮਸਲੇ ਲਈ ਪਰਿਵਾਰਕ ਅਦਾਲਤ ਜਾਣਾ ਚਾਹੁੰਦਾ/ਦੀ ਹਾਂ। ਕੀ ਅਦਾਲਤ ਜਾਣ ਦੇ ਨਾਲ ਮੇਰੇ ਦਰਜੇ ਤੇ ਕੋਈ ਪ੍ਰਭਾਵ ਪਏਗਾ?

ਜੇ ਤੁਹਾਡੇ ਕੋਲ ਕਨੇਡਾ ਵਿੱਚ ਕਨੂੰਨੀ ਇਮੀਗ੍ਰੇਸ਼ਨ ਦਰਜਾ ਨਹੀਂ ਹੈ, ਤਾਂ ਪਰਿਵਾਰਕ ਮਸਲੇ ਸਬੰਧੀ ਕਾਰਵਾਈ ਕਰਨ ਦੇ ਨਾਲ ਤੁਹਾਨੂੰ ਦੇਸ਼ਨਿਕਾਲੇ ਦਾ ਜੋਖਮ ਹੋ ਸਕਦਾ ਹੈ।

ਜਦੋਂ ਤੁਸੀਂ ਪਰਿਵਾਰਕ ਅਦਾਲਤ ਵਿੱਚ ਜਾਂਦੇ ਹੋ, ਤਾਂ ਕਾਰਵਾਈ ਕਰਨ ਲਈ ਤੁਹਾਨੂੰ ਪਰਿਵਾਰਕ ਅਦਾਲਤ ਦੇ ਕਾਗਜ਼-ਪੱਤਰਾਂ ਉੱਤੇ ਸੰਪਰਕ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ। ਇਸਦਾ ਮਤਲਬ ਹੈ ਕਿ ਇਮੀਗ੍ਰੇਸ਼ਨ ਅਧਿਕਾਰੀ ਪਤਾ ਲਗਾ ਸਕਦੇ ਹਨ ਕਿ ਤੁਸੀਂ ਕਿੱਥੇ ਰਹਿੰਦੇ ਹੋ, ਤੁਹਾਨੂੰ ਇੱਕ ਪੱਤਰ ਭੇਜਕੇ ਦੇਸ਼ਨਿਕਾਲੇ ਦੀ ਪ੍ਰਕਿਰਿਆ ਸ਼ੁਰੂ ਕਰ ਸਕਦੇ ਹਨ ਜਿਸਦੇ ਲਈ ਤੁਹਾਡਾ ਇਮੀਗ੍ਰੇਸ਼ਨ ਇੰਟਰਵਿਊ ਤੇ ਆਉਣਾ ਜ਼ਰੂਰੀ ਹੁੰਦਾ ਹੈ।

## ਸਾਂਭ-ਸੰਭਾਲ ਜਾਂ ਪਹੁੰਚ ਆਦੇਸ਼ ਦੇਣ ਸਮੇਂ ਜੱਜ (ਨਿਆਂਕਾਰੀ) ਕਿਸ ਗੱਲ ਨੂੰ ਧਿਆਨ ਵਿੱਚ ਰੱਖੇਗਾ?

ਆਮ ਤੌਰ ਤੇ, ਅਦਾਲਤ ਬੱਚੇ ਦੇ ਦੋਵੇਂ ਮਾਪਿਆਂ ਨਾਲ ਸਮਾਂ ਬਿਤਾਉਣ ਨੂੰ ਉੱਚ ਪੱਧਰ ਦੀ ਮਹੱਤਤਾ ਦਿੰਦੀ ਹੈ। ਜੱਜ ਇਹ ਫੈਸਲਾ ਬੱਚੇ ਦੇ ਸਭ ਤੋਂ ਵਧੀਆ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਦਏਗਾ, ਅਤੇ ਇਸਦਾ ਮਤਲਬ ਹੈ ਕਿ ਹੇਠ ਦਿੱਤੇ ਮੁੱਦਿਆਂ ਤੇ ਵਿਚਾਰ ਕਰੇਗਾ:

- ਮਾਂ ਜਾਂ ਪਿਓ ਵਿੱਚੋਂ ਕੌਣ ਬੱਚੇ ਨੂੰ ਸਭ ਤੋਂ ਵਧੀਆ ਤਰੀਕੇ ਨਾਲ ਸਥਾਈ, ਪਿਆਰ-ਭਰਿਆ ਅਤੇ ਸੁਰੱਖਿਅਤ ਘਰ ਦਾ ਮਹੌਲ ਪ੍ਰਦਾਨ ਕਰ ਸਕਦਾ ਹੈ?
- ਬੱਚਾ ਕੀ ਚਾਹੁੰਦਾ ਹੈ?
- ਮਾਂ ਜਾਂ ਪਿਓ ਵਿੱਚੋਂ ਕੌਣ ਬੱਚੇ ਦੀਆਂ ਲੋੜਾਂ ਨੂੰ ਸਭ ਤੋਂ ਵਧੀਆ ਤਰੀਕੇ ਨਾਲ ਪੂਰਾ ਕਰ ਸਕਦਾ ਹੈ?
- ਬੱਚੇ ਦਾ ਸਭ ਤੋਂ ਵਧੀਆ ਹਿੱਤ ਕਿਸ ਵਿੱਚ ਹੈ ਦੂਜੇ ਦੇਸ਼ ਵਿੱਚ ਜਾ ਕੇ ਰਹਿਣਾ ਜਾਂ ਕਨੇਡਾ ਵਿੱਚ ਰਹਿਣਾ (ਜੇ ਅਦਾਲਤ ਮੰਨਦੀ ਹੈ ਕਿ ਮਾਂ ਜਾਂ ਪਿਓ ਵਿੱਚੋਂ ਕੋਈ ਇੱਕ ਬੱਚੇ ਨੂੰ ਲੈ ਕੇ ਦੇਸ਼ ਛੱਡਕੇ ਜਾ ਸਕਦਾ ਹੈ, ਭਾਵੇਂ ਆਪਣੀ ਮਰਜੀ ਨਾਲ ਜਾਂ ਦੇਸ਼ਨਿਕਾਲਾ ਦਿੱਤੇ ਜਾਣ ਦੇ ਕਾਰਨ)?

ਜੱਜ ਇਹ ਕਰ ਸਕਦਾ ਹੈ:

- ਸਾਂਭ-ਸੰਭਾਲ ਅਤੇ ਪਹੁੰਚ ਸਬੰਧੀ ਸ਼ਰਤਾਂ ਦੇ ਨਾਲ ਅਸਥਾਈ ਆਦੇਸ਼ ਦੇ ਸਕਦਾ ਹੈ ਜਦਕਿ ਮਾਂ ਅਤੇ ਪਿਓ ਦੋਵੇਂ ਕਨੇਡਾ ਵਿੱਚ ਹਨ, ਅਤੇ ਆਦੇਸ਼ ਦੇ ਸਕਦਾ ਹੈ ਕਿ ਜੇ ਮਾਂ ਜਾਂ ਪਿਓ ਵਿੱਚੋਂ ਕੋਈ ਇੱਕ ਕਨੇਡਾ ਛੱਡਕੇ ਜਾਂਦਾ ਹੈ ਤਾਂ ਵੱਖ-ਵੱਖ ਸ਼ਰਤਾਂ ਲਾਗੂ ਹੋਣਗੀਆਂ
- ਮਹਿਸੂਸ ਕਰ ਸਕਦਾ ਹੈ ਕਿ ਮਾਂ ਜਾਂ ਪਿਓ ਵਿੱਚੋਂ ਕਿਸੇ ਇੱਕ ਦੀ ਨਿਗਰਾਨੀ ਵਿੱਚ ਰਹਿਣਾ ਬੱਚੇ ਦੇ ਸਭ ਤੋਂ ਵਧੀਆ ਹਿੱਤਾਂ ਵਿੱਚ ਹੈ, ਭਾਵੇਂ ਉਹ (ਮਾਂ ਜਾਂ ਪਿਓ) ਦੇਸ਼ ਵਿੱਚ ਰਹਿੰਦਾ ਹੋਵੇ ਜਾਂ ਨਹੀਂ
- ਨਾਨ-ਰਿਮੂਵਲ (ਗੈਰ-ਬਦਲੀ) ਆਦੇਸ਼ ਦੇ ਸਕਦਾ ਹੈ, ਜਿਸ ਵਿੱਚ ਲਿੱਖਿਆ ਹੁੰਦਾ ਹੈ ਕਿ ਬੱਚੇ ਨੂੰ ਕਨੇਡਾ ਤੋਂ ਲੈ ਕੇ ਨਹੀਂ ਜਾਇਆ ਜਾ ਸਕਦਾ। ਅਜਿਹੇ ਆਦੇਸ਼ ਦੇ ਨਾਲ ਤੁਹਾਡੇ ਦੇਸ਼ਨਿਕਾਲੇ ਵਿੱਚ ਰੁਕਾਵਟ ਨਹੀਂ ਆਏਗੀ। ਜੇ ਤੁਹਾਨੂੰ ਦੇਸ਼ਨਿਕਾਲਾ ਦਿੱਤਾ ਜਾਂਦਾ ਹੈ, ਸਾਂਭ-ਸੰਭਾਲ ਦੇ ਦਿੱਤੀ ਜਾਂਦੀ ਹੈ, ਅਤੇ ਫਿਰ ਤੁਸੀਂ ਆਪਣੇ ਬੱਚੇ ਲਈ ਨਾਨ-ਰਿਮੂਵਲ ਆਦੇਸ਼ ਪ੍ਰਾਪਤ ਕਰਦੇ ਹੋ, ਤਾਂ ਉਸੇ ਵੇਲੇ ਇਮੀਗ੍ਰੇਸ਼ਨ ਵਕੀਲ ਨਾਲ ਗੱਲ ਕਰੋ।

## ਲਿਅਲਾ ਅਤੇ ਪੀਟਰ ਦੋ ਸਾਲ ਤੋਂ ਤਲਾਕਸ਼ੁਦਾ ਹਨ। ਉਨ੍ਹਾਂ ਦਾ ਸੱਤ ਸਾਲ ਦਾ ਮੁੰਡਾ ਜੋਇ ਹਫ਼ਤੇ ਦੇ ਪਹਿਲੇ ਪੰਜ ਦਿਨ ਲਿਅਲਾ ਕੋਲ ਬਿਤਾਉਂਦਾ ਹੈ ਅਤੇ ਹਫਤੇ ਦੇ ਆਖਿਰਲੇ ਦੋ ਦਿਨ ਪੀਟਰ ਨਾਲ ਬਿਤਾਉਂਦਾ ਹੈ।

ਸਥਾਨਕ ਬਾਲ ਹਸਪਤਾਲ ਵਿੱਚ ਜੋਇ ਦਾ ਕਿਸੇ ਮੁਸ਼ਕਲ ਡਾਕਟਰੀ ਸਮੱਸਿਆਵਾਂ ਲਈ ਇਲਾਜ ਚਲ ਰਿਹਾ ਹੈ। ਲਿਅਲਾ ਨੂੰ ਖਤਰਾ ਹੈ ਕਿ ਉਸਨੂੰ ਉਸਦੇ ਵਤਨ ਲਈ ਦੇਸ਼ਨਿਕਾਲਾ ਦੇ ਦਿੱਤਾ ਜਾਏਗਾ।

ਬੱਚੇ ਦੇ ਸਭ ਤੋਂ ਵਧੀਆ ਹਿੱਤਾਂ ਨੂੰ ਦੇਖਦੇ ਹੋਏ, ਸੰਭਵ ਹੈ ਕਿ ਜੱਜ ਇਹ ਫੈਸਲਾ ਦਏ ਕਿ ਲਿਅਲਾ ਦੇ ਕਨੇਡਾ ਵਿੱਚ ਹੋਣ ਦੌਰਾਨ ਮਾਂ ਅਤੇ ਪਿਓ ਦੋਵੇਂ ਮਿਲ ਕੇ ਬੱਚੇ ਦੀ ਸਾਂਭ-ਸੰਭਾਲ ਕਰਨ, ਪਰ ਜੇਕਰ ਲਿਅਲਾ ਨੂੰ ਦੇਸ਼ਨਿਕਾਲਾ ਦਿੱਤਾ ਜਾਂਦਾ ਹੈ ਤਾਂ ਸਾਂਭ-ਸੰਭਾਲ ਦਾ ਪੂਰਾ ਜਿੰਮਾ ਪੀਟਰ ਨੂੰ ਹੀ ਦਿੱਤਾ ਜਾਣਾ ਚਾਹੀਦਾ ਹੈ।

## ਕੀ ਮੈਨੂੰ ਮੇਰੇ ਬੱਚੇ ਤੋਂ ਬਗੈਰ ਦੇਸ਼ਨਿਕਾਲਾ ਦਿੱਤਾ ਜਾ ਸਕਦਾ ਹੈ?

ਹਾਂ। ਜੇ ਤੁਹਾਡੇ ਕੋਲ ਆਪਣੇ ਬੱਚੇ ਦੀ ਸਾਂਭ-ਸੰਭਾਲ ਦਾ ਜ਼ਿੰਮਾ ਨਹੀਂ ਹੈ, ਤਾਂ ਤੁਹਾਨੂੰ ਬੱਚੇ ਤੋਂ ਬਗੈਰ ਦੇਸ਼ਨਿਕਾਲਾ ਦਿੱਤਾ ਜਾ ਸਕਦਾ ਹੈ।

ਜੇ ਤੁਹਾਡੇ ਕੋਲ ਬੱਚੇ ਦੀ ਸਾਂਭ-ਸੰਭਾਲ ਹੈ, ਤਾਂ ਅਦਾਲਤ ਇਹ ਯਕੀਨੀ ਬਣਾਉਣ ਲਈ ਕਿ ਤੁਹਾਡਾ ਬੱਚਾ ਤੁਹਾਡੇ ਨਾਲ ਦੇਸ਼ ਛੱਡਕੇ ਜਾ ਸਕੇ, ਭਾਵੇਂ ਤੁਹਾਡੇ ਬੱਚੇ ਲਈ ਨਾਨ-ਰਿਮੂਵਲ ਆਦੇਸ਼ ਮਿਲਿਆ ਹੋਵੇ, ਅਦਾਲਤ ਤੁਹਾਡੇ ਨਾਲ ਮਿਲ ਕੇ ਕੰਮ ਕਰੇਗੀ। ਪਰ, ਤੁਹਾਨੂੰ ਇਹ ਯਕੀਨੀ ਬਣਾਉਣ ਲਈ ਕਿ ਨਾਨ-ਰਿਮੂਵਲ ਆਦੇਸ਼ ਰੱਦ ਕੀਤਾ ਜਾਵੇ, ਸਕ੍ਰਿਅ ਕਦਮ ਚੁੱਕਣ ਦੀ ਲੋੜ ਹੋਵੇਗੀ। ਤੁਹਾਨੂੰ ਛੇਤੀ ਤੋਂ ਛੇਤੀ ਵਕੀਲ ਨਾਲ ਗੱਲ ਕਰਨੀ ਚਾਹੀਦੀ ਹੈ।

## ਕੀ ਮੈਂ ਪਰਿਵਾਰਕ ਅਦਾਲਤ ਵਿੱਚ ਕੇਸ ਲਿਆ ਕੇ ਆਪਣੇ ਦੇਸ਼ਨਿਕਾਲੇ ਨੂੰ ਰੋਕ ਸਕਦਾ/ਦੀ ਹਾਂ?

ਨਹੀਂ। ਓਨਟਾਰਿਓ ਦੀਆਂ ਪਰਿਵਾਰਕ ਅਦਾਲਤਾਂ ਕੋਲ ਦੇਸ਼ਨਿਕਾਲੇ ਆਦੇਸ਼ ਨੂੰ ਰੋਕਣ ਦੀ ਯੋਗਤਾ ਨਹੀਂ ਹੁੰਦੀ।

ਅੰਤਿਮ ਸਾਂਭ-ਸੰਭਾਲ ਆਦੇਸ਼ ਦੇ ਮਿਲ ਜਾਣ ਤਕ ਤੁਹਾਡੇ ਦੇਸ਼ਨਿਕਾਲੇ ਨੂੰ ਟਾਲਿਆ ਜਾ ਸਕਦਾ ਹੈ:

- ਜੇਕਰ ਅੰਤਿਮ ਸਾਂਭ-ਸੰਭਾਲ ਆਦੇਸ਼ ਅਜੇ ਨਹੀਂ ਦਿੱਤਾ ਗਿਆ ਹੈ
- ਤੁਸੀਂ ਅਜੇ ਵੀ ਜੱਜ ਦੇ ਸਾਮ੍ਹਣੇ ਵਾਦ-ਵਿਵਾਦ ਕਰ ਰਹੇ ਹੋ ਅਤੇ
- ਤੁਸੀਂ ਅਤੇ ਤੁਹਾਡਾ ਪਤੀ/ਪਤਨੀ ਸਾਂਭ-ਸੰਭਾਲ ਨੂੰ ਲੈ ਕੇ ਉਚਿਤ ਬਹਿਸ ਵਿੱਚ ਹੋ ਕਿ ਬੱਚੇ ਦੀ ਸਭ ਤੋਂ ਵਧੀਆ ਦੇਖਭਾਲ ਕੌਣ ਕਰ ਸਕਦਾ ਹੈ।

ਇਸ ਸਭ ਦੇ ਬਾਵਜੂਦ ਵੀ, ਤੁਹਾਡੇ ਦੇਸ਼ਨਿਕਾਲੇ ਨੂੰ ਟਾਲਿਆ ਨਹੀਂ ਜਾ ਸਕਦਾ। ਅਦਾਲਤਾਂ, ਆਮ ਤੌਰ ਤੇ, ਦੇਸ਼ਨਿਕਾਲੇ ਨੂੰ ਨਹੀਂ ਟਾਲਦੀਆਂ ਜਦੋਂ ਸਾਂਭ-ਸੰਭਾਲ ਦਾ ਦਾਅਵਾ ਸਿਰਫ ਅਤੇ ਸਿਰਫ ਦੇਸ਼ਨਿਕਾਲੇ ਨੂੰ ਰੋਕਣ ਜਾਂ ਟਾਲਣ ਦੇ ਇਰਾਦੇ ਨਾਲ ਕੀਤਾ ਜਾਂਦਾ ਹੈ।

## ਕੀ ਕੁਝ ਅਜਿਹਾ ਹੈ ਜਿਸਨੂੰ ਕਰਕੇ ਮੈਂ ਦੇਸ਼ਨਿਕਾਲੇ ਤੋਂ ਬਚ ਸਕਦਾ/ਦੀ ਹਾਂ ਅਤੇ ਆਪਣੇ ਬੱਚੇ ਦੇ ਨਾਲ ਕਨੇਡਾ ਵਿੱਚ ਰਹਿ ਸਕਦਾ/ਦੀ ਹਾਂ?

ਤੁਸੀਂ ਕਨੇਡਾ ਵਿੱਚ ਰਹਿਣ ਦਾ ਕਨੂੰਨੀ ਦਰਜਾ ਪ੍ਰਾਪਤ ਕਰਨ ਲਈ, ਅਤੇ ਕੁਝ ਮਾਮਲਿਆਂ ਵਿੱਚ, ਆਪਣੇ ਦੇਸ਼ਨਿਕਾਲੇ ਨੂੰ ਰੋਕਣ ਜਾਂ ਟਾਲਣ ਦੀ ਕੋਸ਼ਿਸ਼ ਕਰਨ ਲਈ ਇਮੀਗ੍ਰੇਸ਼ਨ ਅਰਜ਼ੀ ਦੇ ਸਕਦੇ ਹੋ।

ਮਿਸਾਲ ਦੇ ਤੌਰ ਤੇ ਜਿਵੇਂ, Citizenship and Immigration Canada – ਨਾਗਰਿਕਤਾ ਅਤੇ ਅਪ੍ਰਵਾਸਨ ਕਨੇਡਾ ਨੂੰ **Humanitarian and Compassionate (H&C) application** – ਮਾਨਵੀਅਤਾ ਅਤੇ ਹਮਦਰਦੀ (H&C) ਅਰਜ਼ੀ ਦੇ ਸਕਦੇ ਹੋ, ਜਿਸ ਵਿੱਚ ਬੇਨਤੀ ਕੀਤੀ ਜਾਵੇ ਕਿ ਤੁਹਾਨੂੰ ਕਨੇਡਾ ਵਿੱਚ ਰਹਿਣ ਦੀ ਆਗਿਆ ਦਿੱਤੀ ਜਾਵੇ। ਇਸ ਅਰਜ਼ੀ ਦੇ ਸਫਲ ਹੋਣ ਲਈ, ਤੁਹਾਡੇ ਲਈ ਇਹ ਦਰਸਾਉਣਾ ਲਾਜ਼ਮੀ ਹੁੰਦਾ ਹੈ ਕਿ ਤੁਸੀਂ ਕਨੇਡਾ ਵਿੱਚ ਰਹਿ ਰਹ ਹੋ ਅਤੇ ਆਪਣੇ ਵਤਨ ਵਾਪਸ ਜਾਣਾ ਤੁਹਾਡੇ ਵਾਸਤੇ ਬਹੁਤ ਮੁਸ਼ਕਲ ਭਰਿਆ ਹੋਵੇਗਾ। ਤੁਹਾਡੀ H&C ਅਰਜ਼ੀ ਬਾਰੇ ਫੈਸਲਾ ਲੈਂਦੇ ਹੋਏ, ਇਮੀਗ੍ਰੇਸ਼ਨ ਅਧਿਕਾਰੀ ਤੁਹਾਡੇ ਬੱਚੇ ਦੇ ਸਭ ਤੋਂ ਵਧੀਆ ਹਿੱਤਾਂ ਨੂੰ ਧਿਆਨ ਵਿੱਚ ਰੱਖਣਗੇ।

ਹਾਲਾਂਕਿ, ਇਮੀਗ੍ਰੇਸ਼ਨ ਅਧਿਕਾਰੀਆਂ ਕੋਲ ਅਜਿਹੇ ਵਿਅਕਤੀ ਨੂੰ ਦੇਸ਼ਨਿਕਾਲਾ ਦਿੱਤੇ ਜਾਣ ਦਾ ਅਧਿਕਾਰ ਹੁੰਦਾ ਹੈ ਜਿਸਦੀ H&C ਅਰਜ਼ੀ ਦਾ ਅਜੇ ਕੋਈ ਫੈਸਲਾ ਨਹੀਂ ਲਿੱਤਾ ਗਿਆ ਹੈ - ਅਤੇ ਫਿਰ ਨਿਰਣਾ ਕਰਦੇ ਹਨ ਕਿ ਅਰਜ਼ੀ ਨੂੰ ਮਨਜ਼ੂਰ ਕੀਤਾ ਜਾਵੇ ਜਾਂ ਨਹੀਂ ਜੇ ਉਹ ਵਿਅਕਤੀ ਪਹਿਲਾਂ ਤੋਂ ਹੀ ਕਨੇਡਾ ਤੋਂ ਬਾਹਰ ਹੈ।

ਬਹੁਤ ਥੋੜ੍ਹੇ ਮਾਮਲਿਆਂ ਵਿੱਚ, ਤੁਸੀਂ ਦੇਸ਼ਨਿਕਾਲੇ ਨੂੰ ਟਾਲਣ ਜਾਂ ਰੋਕਣ ਲਈ ਵਾਧੂ ਕਦਮ ਚੁੱਕ ਸਕਦੇ ਹੋ:

- ਤੁਹਾਡੀ H&C ਅਰਜ਼ੀ ਦੇ ਜਮ੍ਹਾ ਹੋਣ ਤੋਂ ਬਾਅਦ, ਤੁਸੀਂ ਅਜਿਹੇ ਵਕੀਲ ਨੂੰ ਨਿਯੁਕਤ ਕਰ ਸਕਦੇ ਹੋ ਜੋ Federal Court - ਸੰਘੀ ਅਦਾਲਤ ਨੂੰ ਉਦੋਂ ਤਕ ਤੁਹਾਡੇ ਦੇਸ਼ਨਿਕਾਲੇ ਨੂੰ ਟਾਲਣ ਲਈ ਬੇਨਤੀ ਕਰ ਸਕੇ ਜਦੋਂ ਤਕ ਤੁਹਾਡੇ H&C ਬਾਰੇ ਫੈਸਲਾ ਨਹੀਂ ਲਿੱਤਾ ਜਾਂਦਾ।
- ਜੇ ਤੁਹਾਨੂੰ ਆਪਣੇ ਵਤਨ ਵਾਪਸ ਭੇਜੇ ਜਾਣ ਦਾ ਡਰ ਹੈ, ਤਾਂ ਤੁਸੀਂ ਸ਼ਰਨਾਰਥੀ ਦਾਅਵਾ, ਜਾਂ **Pre-Removal Risk Assessment** -ਬਦਲੀ-ਪੂਰਵ ਜੋਖਮ ਆਕਲਨ ਨਾਮਕ ਇੱਕ ਹੋਰ ਅਰਜ਼ੀ ਦੇਣ ਦੀ ਸੰਭਾਵਨਾ ਬਾਰੇ ਕਿਸੇ ਇਮੀਗ੍ਰੇਸ਼ਨ ਵਕੀਲ ਨਾਲ ਗੱਲ ਵੀ ਕਰ ਸਕਦੇ ਹੋ।
- ਤੁਸੀਂ ਇਹ ਪਤਾ ਲਗਾਉਣ ਲਈ ਕਿ ਤੁਹਾਡੇ ਲਈ ਕੋਈ ਹੋਰ ਵਿਕਲਪ ਮੌਜੂਦ ਹਨ ਜਾਂ ਨਹੀਂ ਜਿਵੇਂ ਪਰਿਵਾਰ ਦੀ ਸਪਾਂਸਰਸ਼ਿਪ, ਕਿਸੇ ਇਮੀਗ੍ਰੇਸ਼ਨ ਵਕੀਲ ਦੇ ਨਾਲ ਵੀ ਗੱਲ ਕਰ ਸਕਦੇ ਹੋ।

## ਦਮਿਤ੍ਰੀ ਅਤੇ ਜੇਨਾ ਦੇ ਆਪਸੀ ਸਬੰਧ ਵਧੀਆ ਨਹੀਂ ਹਨ। ਦੋਵੇਂ ਆਪਣੀ ਧੀ ਮਾਰਿਕਾ ਦੀ ਇਕੱਲੀ ਸਾਂਭ-ਸੰਭਾਲ ਚਾਹੁੰਦੇ ਹਨ।

ਦਮਿਤ੍ਰੀ ਨੇ ਮਾਰਿਕਾ ਨੂੰ ਆਪਣੇ ਦੇਸ਼ ਵਾਪਸ ਲੈ ਜਾਣ ਦੀ ਧਮਕੀ ਦਿੱਤੀ ਹੈ।

ਉਸਨੂੰ ਕਨੇਡਾ ਵਿੱਚ ਕਨੂੰਨੀ ਦਰਜਾ ਪ੍ਰਾਪਤ ਨਹੀਂ ਹੋਇਆ ਹੈ। ਉਸਨੇ H&C ਅਰਜ਼ੀ ਦਿੱਤੀ ਹੋਈ ਹੈ, ਪਰ ਉਸਨੂੰ ਦੇਸ਼ਨਿਕਾਲਾ ਦਿੱਤੇ ਜਾਣ ਦਾ ਡਰ ਹੈ।

ਜੱਜ ਨੇ ਦਮਿਤ੍ਰੀ ਨੂੰ ਪੂਰੀ ਸਾਂਭ-ਸੰਭਾਲ ਸੌਂਪ ਦਿੱਤੀ ਹੈ, ਬੱਸ ਹਫਤੇ ਤੇ ਆਖਿਰਲੇ ਦਿਨਾਂ ਤੇ ਉਹ ਜੇਨਾ ਕੋਲ ਰਹੇਗੀ।



# ਪਤੀ-ਪਤਨੀ ਦੇ ਇੱਕ-ਦੂਜੇ ਨਾਲ ਕਨੂੰਨੀ ਮੁੱਦ

### ਮੈਨੂੰ ਡਰ ਹੈ ਕਿ ਮੇਰਾ/ਮੇਰੀ ਪਤੀ/ਪਤਨੀ ਮੇਰੇ ਬੱਚੇ ਨੂੰ ਲੈ ਕੇ ਕਨੇਡਾ ਛੱਡਕੇ ਆਪਣੇ ਵਤਨ ਪਰਤ ਜਾਏਗਾ/ਗੀ। ਕੀ ਉਸਨੂੰ ਰੋਕਣ ਦਾ ਕੋਈ ਤਰੀਕਾ ਹੈ?

ਇੱਕ ਵਾਰ ਮਾਂ ਜਾਂ ਪਿਓ ਵਿੱਚੋਂ ਕੋਈ ਬੱਚੇ ਨੂੰ ਲੈ ਕੇ ਦੇਸ਼ ਛੱਡਦਾ ਹੈ, ਤਾਂ ਬੱਚੇ ਨੂੰ ਕਨੇਡਾ ਵਾਪਸ ਲਿਆਉਣਾ ਬਹੁਤ ਔਖਾ ਹੋ ਜਾਂਦਾ ਹੈ। ਬੇਹਤਰ ਹੈ ਕਿ ਬੱਚੇ ਨੂੰ ਕਨੇਡਾ ਛੱਡਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਜਾਵੇ। ਇਸਦੀਆਂ ਕੁਝ ਕਾਰਜਨੀਤੀਆਂ ਇਸ ਪ੍ਰਕਾਰ ਹਨ:

- ਤੁਸੀਂ ਅਦਾਲਤ ਨੂੰ ਤੁਹਾਡੇ ਬੱਚੇ ਲਈ ਨਾਨ-ਰਿਮੂਵਲ ਆਦੇਸ਼ ਦੇਣ ਦੀ ਬੇਨਤੀ ਕਰ ਸਕਦੇ ਹੋ। ਇਸ ਆਦੇਸ਼ ਵਿੱਚ ਲਿੱਖਿਆ ਹੁੰਦਾ ਹੈ ਕਿ ਤੁਹਾਡਾ ਬੱਚਾ ਅਦਾਲਤ ਦੇ ਆਦੇਸ਼ ਜਾਂ ਤੁਹਾਡੀ ਲਿਖਤੀ ਇਜਾਜ਼ਤ ਤੋਂ ਬਗੈਰ ਕਨੇਡਾ ਛੱਡ ਕੇ ਨਹੀਂ ਜਾ ਸਕਦਾ। ਜੇ ਕੋਈ ਬੱਚੇ ਦੇ ਨਾਲ ਸੀਮਾਰੇਖਾ ਪਾਰ ਕਰਦਾ ਹੈ, ਤਾਂ ਇਮੀਗ੍ਰੇਸ਼ਨ ਅਧਿਕਾਰੀ ਆਮ ਤੌਰ ਤੇ ਅਦਾਲਤੀ ਆਦੇਸ਼ ਜਾਂ ਪੱਤਰ ਦਿਖਾਉਣ ਦੀ ਮੰਗ ਕਰਦੇ ਹਨ ਇਸ ਤੋਂ ਪਹਿਲਾਂ ਕਿ ਉਹ ਉਸ ਵਿਅਕਤੀ ਨੂੰ ਬੱਚੇ ਦੇ ਨਾਲ ਕਨੇਡਾ ਛੱਡਕੇ ਜਾਣ ਦੀ ਇਜਾਜ਼ਤ ਦੇਣ।

- ਤੁਸੀਂ ਅਦਾਲਤ ਨੂੰ ਅਜਿਹਾ ਆਦੇਸ਼ ਦੇਣ ਦੀ ਬੇਨਤੀ ਕਰ ਸਕਦ ਹੋ ਜਿਸ ਵਿੱਚ ਅਦਾਲਤ ਤੁਹਾਨੂੰ ਜਾਂ ਖੁਦ ਅਦਾਲਤ ਨੂੰ ਬੱਚੇ ਦਾ ਪਾਸਪੋਰਟ ਰੱਖਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ। ਕਈ ਵਾਰੀ ਅਦਾਲਤ ਉਸ ਮਾਂ ਜਾਂ ਪਿਓ ਦਾ ਵੀ ਪਾਸਪੋਰਟ ਰੱਖ ਸਕਦੀ ਹੈ।
- ਤੁਸੀਂ ਆਪਣੇ ਬੱਚੇ ਦੇ ਪਾਸਪੋਰਟ ਦੀ ਅਰਜ਼ੀ ਉੱਤੇ ਹਸਤਾਖਰ ਕਰਨ ਤੋਂ ਇਨਕਾਰ ਕਰ ਸਕਦੇ ਹੋ। ਬੱਚੇ ਲਈ ਕਨੇਡਿਆਈ ਪਾਸਪੋਰਟ ਪ੍ਰਾਪਤ ਕਰਨ ਲਈ, ਮਾਂ ਅਤੇ ਪਿਓ ਦੋਹਾਂ ਲਈ ਪਾਸਪੋਰਟ ਅਰਜ਼ੀ ਉੱਤੇ ਹਸਤਾਖਰ ਕਰਨਾ ਲਾਜ਼ਮੀ ਹੁੰਦਾ ਹੈ।

ਜੇ ਤੁਹਾਡੇ ਕੋਲ ਸਾਂਭ-ਸੰਭਾਲ ਦਾ ਜਿੰਮਾ ਹੈ, ਅਤੇ ਤੁਹਾਡਾ/ਡੀ ਪਤੀ/ਪਤਨੀ ਤੁਹਾਡੇ ਬੱਚੇ ਨੂੰ ਅਦਾਲਤੀ ਆਦੇਸ਼ ਜਾਂ ਤੁਹਾਡੀ ਇਜਾਜ਼ਤ ਦੇ ਬਿਨਾਂ ਦੇਸ਼ ਤੋਂ ਬਾਹਰ ਲੈਂ ਜਾਂਦਾ/ਦੀ ਹੈ (ਇਸਨੂੰ "ਮਾਂਪਿਆਂ ਦੁਆਰਾ ਬੱਚੇ ਦਾ ਅਪਹਰਨ" ਵੀ ਕਿਹਾ ਜਾਂਦਾ ਹੈ), ਤਾਂ ਤੁਹਾਨੂੰ :

- ਸਲਾਹ ਲੈਣ ਲਈ ਵਕੀਲ ਨੂੰ ਸੰਪਰਕ ਕਰਨਾ ਚਾਹੀਦਾ ਹੈ ਅਤੇ/ਜਾਂ
- ਸਲਾਹ ਅਤੇ ਮਦਦ ਲਈ Vulnerable Children's Consular Unit – ਕਮਜੋਰ ਬੱਚਿਆਂ ਦੇ ਦੂਤਾਵਾਸ ਯੂਨਿਟ, ਤੇ ਸੰਪਰਕ ਕਰੋ ਜੋ Canada's Department of Foreign Affairs – ਕਨੇਡਾ ਵਿਦੇਸ਼ ਮਾਮਲਾ ਵਿਭਾਗ, Trade and Development – ਵਪਾਰ ਅਤੇ ਵਿਕਾਸ ਦਾ ਹਿੱਸਾ ਹੈ। ਤੁਸੀਂ ਉਨ੍ਹਾਂ ਨੂੰ 1-800-387-3124 ਤੇ ਸੰਪਰਕ ਕਰ ਸਕਦੇ ਹੋ ਜਾਂ ਵਧੇਰੇ ਜਾਣਕਾਰੀ ਆਨਲਾਈਨ ਇੱਸ ਵੈਬਸਾਈਟ travel.gc.ca/child ਤੋਂ ਪ੍ਰਾਪਤ ਕਰ ਸਕਦੇ ਹੋ।

ਇਹ ਯਕੀਨੀ ਬਣਾਉਣ ਲਈ ਕਿ ਦਮਿਤ੍ਰੀ ਆਪਣੀ ਮਰਜੀ ਨਾਲ ਮਾਰਿਕਾ ਦੇ ਨਾਲ ਦੇਸ਼ ਛੱਡ ਕੇ ਨਾ ਜਾਵੇ, ਜੱਜ ਅਜਿਹਾ ਨਾਨ-ਰਿਮੂਵਲ ਆਦੇਸ਼ ਦੇ ਸਕਦਾ ਹੈ ਜਿਸ ਵਿੱਚ ਲਿੱਖਿਆ ਹੋਵੇ ਕਿ ਮਾਰਿਕਾ ਨੂੰ ਕਨੇਡਾ ਤੋਂ ਬਾਹਰ ਨਹੀਂ ਲੈ ਜਾਇਆ ਜਾ ਸਕਦਾ।

ਜੇ ਇਮੀਗ੍ਰੇਸ਼ਨ ਅਧਿਕਾਰੀ ਦਮਿਤ੍ਰੀ ਨੂੰ ਦੱਸਦੇ ਹਨ ਕਿ ਉਸਨੂੰ ਛੇਤੀ ਹੀ ਦੇਸ਼ਨਿਕਾਲਾ ਦੇ ਦਿੱਤਾ ਜਾਏਗਾ, ਤਾਂ ਦਮਿਤ੍ਰੀ ਇਸ ਸੰਕਟਕਾਲੀ ਪ੍ਰਸਤਾਵ ਨੂੰ ਪਰਿਵਾਰਕ ਜੱਜ ਕੋਲ ਲੈ ਕੇ ਜਾ ਸਕਦਾ ਹੈ ਅਤੇ ਨਾਨ-ਰਿਮੂਵਲ ਆਦੇਸ਼ ਨੂੰ ਖਤਮ ਕਰਨ ਲਈ ਕਹਿ ਸਕਦਾ ਹੈ। ਦਮਿਤ੍ਰੀ ਜੱਜ ਨੂੰ ਖਾਸ ਤੌਰ ਤੇ ਇਹ ਲਿੱਖਣ ਲਈ ਵੀ ਬੇਨਤੀ ਕਰ ਸਕਦਾ ਹੈ ਕਿ ਸੰਕਟਕਾਲੀ ਪ੍ਰਸਤਾਵ ਉਦੋਂ ਪਾਸ ਨਾ ਕੀਤਾ ਜਾਵੇ ਜਦੋਂ ਤਕ ਸਥਿਤੀ ਵਿੱਚ ਕੁਝ ਵੱਡੇ, ਗੈਰ-ਅਨੁਮਾਨੇ ਬਦਲਾਵ ਨਹੀਂ ਹੁੰਦੇ।

## ਜੱਜ ਨੇ ਨਾਨ-ਰਿਮੂਵਲ ਆਦੇਸ਼ ਦਿੱਤਾ ਹੈ ਜਿਸ ਵਿੱਚ ਲਿੱਖਿਆ ਹੈ ਕਿ ਮੇਰਾ ਬੱਚਾ ਉਦੋਂ ਤਕ ਕਨੇਡਾ ਛੱਡ ਕੇ ਨਹੀਂ ਜਾ ਸਕਦਾ ਜਦੋਂ ਤਕ ਮੈਨੂੰ ਅਦਾਲਤੀ ਆਦੇਸ਼ ਜਾਂ ਦੂਜੇ ਮਾਪੇ ਤੋਂ ਇਜਾਜ਼ਤ ਨਹੀਂ ਮਿਲ ਜਾਂਦੀ। ਕੀ ਹੋਵੇਗਾ ਜੇ ਮੈਨੂੰ ਦੇਸ਼ਨਿਕਾਲਾ ਦੇ ਦਿੱਤਾ ਜਾਂਦਾ ਹੈ?

ਤੁਸੀਂ ਆਪਣੇ ਬੱਚੇ ਨੂੰ ਆਪਣੇ ਨਾਲ ਲੈ ਜਾ ਸਕਦੇ ਹੋ ਜਾਂ ਨਹੀਂ ਇਹ ਕੁਝ ਹੱਦ ਤਕ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਤੁਹਾਡੇ ਕੋਲ ਬੱਚੇ ਦੀ ਸਾਂਭ-ਸੰਭਾਲ ਦਾ ਜਿੰਮਾ ਹੈ ਜਾਂ ਨਹੀਂ। ਕੁਝ ਮਾਮਲਿਆਂ ਵਿੱਚ, ਪਰਿਵਾਰਕ ਅਦਾਲਤ ਦਾ ਜੱਜ ਮਾਂ ਜਾਂ ਪਿਓ ਵਿੱਚੋਂ ਕਿਸੇ ਇੱਕ ਨੂੰ ਸਾਂਭ-ਸੰਭਾਲ ਦਾ ਪੂਰਾ ਜਿੰਮਾ ਦੇ ਦਏਗਾ ਭਾਵੇਂ ਮਾਂ ਅਤੇ ਪਿਓ ਦੋਵੇਂ ਕਨੇਡਾ ਵਿੱਚ ਰਹਿੰਦੇ ਹਨ ਜਾਂ ਨਹੀਂ। ਕੁਝ ਮਾਮਲਿਆਂ ਵਿੱਚ, ਜੱਜ ਸਾਂਭ-ਸੰਭਾਲ ਅਤੇ ਪਹੁੰਚ ਦੇ ਦੋ ਆਦੇਸ਼ ਦਏਗਾ: ਇੱਕ ਆਦੇਸ਼ ਉਦੋਂ ਲਾਗੂ ਹੋਵੇਗਾ ਜੇ ਮਾਂ ਅਤੇ ਪਿਓ ਦੋਵੇਂ ਕਨੇਡਾ ਵਿੱਚ ਰਹਿੰਦੇ ਹਨ ਅਤੇ ਦੂਜਾ ਆਦੇਸ਼ ਉਦੋਂ ਲਾਗੂ ਹੋਵੇਗਾ ਜੇ ਮਾਂ ਜਾਂ ਪਿਓ ਕਿਸੇ ਇੱਕ ਨੂੰ ਦੇਸ਼ਨਿਕਾਲਾ ਦਿੱਤਾ ਜਾਂਦਾ ਹੈ।

## ਮੈਂ ਆਪਣੇ ਬੱਚੇ ਨੂੰ ਆਪਣੇ ਨਾਲ ਲੈ ਕੇ ਜਾਣ ਲਈ ਕਰ ਸਕਦਾ/ਦੀ ਹਾਂ?

| ਤੁਹਾਡੇ ਹਲਾਤ | ਕੀ ਕੀਤਾ ਜਾਵੇ |
|---|---|
| ਜੱਜ ਨਾਨ-ਰਿਮੂਵਲ ਆਦੇਸ਼ ਦਿੰਦਾ ਹੈ, ਅਤੇ ਤੁਹਾਨੂੰ ਪਤਾ ਹੁੰਦਾ ਹੈ ਕਿ ਤੁਹਾਨੂੰ ਦੇਸ਼ਨਿਕਾਲਾ ਦਿੱਤਾ ਜਾ ਸਕਦਾ ਹੈ | ਤੁਸੀਂ ਇਸ ਸੰਕਟਕਾਲੀ ਪ੍ਰਸਤਾਵ ਨੂੰ ਪਰਿਵਾਰਕ ਅਦਾਲਤ ਵਿੱਚ ਲੈ ਕੇ ਜਾ ਸਕਦੇ ਹੋ ਅਤੇ ਜੱਜ ਨੂੰ ਆਪਣੇ ਬੱਚੇ ਲਈ ਨਾਨ-ਰਿਮੂਵਲ ਆਦੇਸ਼ ਨੂੰ ਰੱਦ ਕਰਨ ਦੀ ਬੇਨਤੀ ਕਰ ਸਕਦੇ ਹੋ। ਤੁਸੀਂ ਇਹ ਵੀ ਬੇਨਤੀ ਕਰ ਸਕਦੇ ਹੋ ਕਿ ਜੱਜ ਅਜਿਹਾ ਸੰਕਟਕਾਲੀ ਪ੍ਰਸਤਾਵ ਪਾਸ ਕਰੇ ਜੋ ਉਦੋਂ ਤਕ ਲਾਗੂ ਨਾ ਹੋਵੇ ਜਦੋਂ ਤਕ ਤੁਹਾਡੇ ਮਾਮਲੇ ਵਿੱਚ ਕੋਈ ਗੰਭੀਰ, ਗੈਰ-ਅਨੁਮਾਨਿਤ ਬਦਲਾਵ ਨਹੀਂ ਹੁੰਦੇ। |
| ਤੁਹਾਡੇ ਕੋਲ ਸਾਂਭ-ਸੰਭਾਲ ਦਾ ਜਿੰਮਾ ਹੈ | ਪਰਿਵਾਰਕ ਅਦਾਲਤ ਇਹ ਯਕੀਨੀ ਬਣਾਉਣ ਵਿੱਚ ਮਦਦ ਕਰੇਗੀ ਕਿ ਤੁਸੀਂ ਕਨੇਡਾ ਛੱਡਕੇ ਜਾਂਦੇ ਸਮੇਂ ਆਪਣੇ ਬੱਚੇ ਨੂੰ ਆਪਣੇ ਨਾਲ ਲੈ ਕੇ ਜਾ ਸਕਦੇ ਹੋ। |
| ਤੁਹਾਡੇ ਕੋਲ ਸਾਂਭ-ਸੰਭਾਲ ਦਾ ਜਿੰਮਾ ਹੈ, ਪਰ ਤੁਸੀਂ ਦੇਸ਼ਨਿਕਾਲੇ ਦਾ ਸਾਮ੍ਹਣਾ ਕਰ ਰਹੇ ਹੋ, ਅਤੇ ਨਾਨ-ਰਿਮੂਵਲ ਆਦੇਸ਼ ਵੀ ਮਿਲਿਆ ਹੋਇਆ ਹੈ | ਛੇਤੀ ਤੋਂ ਛੇਤੀ ਇਮੀਗ੍ਰੇਸ਼ਨ ਵਕੀਲ ਨਾਲ ਗੱਲ ਕਰੋ। |

## ਜਦੋਂ ਸਾਡੇ ਦੋਹਾਂ ਦਾ ਵਿਆਹ ਹੋਇਆ ਸੀ, ਤਾਂ ਅਸੀਂ ਇੱਕ ਸਮਝੌਤਾ ਕੀਤਾ ਸੀ ਜਿਸ ਵਿੱਚ ਲਿੱਖਿਆ ਸੀ ਕਿ ਜੇ ਅਸੀਂ ਵੱਖਰੇ ਹੋ ਜਾਂਦੇ ਹਾਂ, ਤਾਂ ਮੈਂ ਆਪਣੇ ਬੱਚਿਆਂ ਦੀ ਸਾਂਭ-ਸੰਭਾਲ ਦਾ ਅਧਿਕਾਰ ਖੋ ਦਿਆਂਗਾ/ਗੀ। ਅਸੀਂ ਹੁਣ ਵੱਖਰੇ ਹੋ ਰਹੇ ਹਾਂ। ਕੀ ਇਸਦਾ ਇਹ ਮਤਲਬ ਹੈ ਕਿ ਮੇਰੀ ਹੁਣ ਸਾਂਭ-ਸੰਭਾਲ ਜਾਂ ਪਹੁੰਚ ਪ੍ਰਾਪਤ ਕਰਨ ਦੀ ਕੋਈ ਸੰਭਾਵਨਾ ਨਹੀਂ ਹੈ?

ਨਹੀਂ। ਓਨਟਾਰਿਓ ਦਾ *Family Law Act* – ਪਰਿਵਾਰਕ ਕਨੂੰਨ ਅਧਿਨਿਯਮ ਕਹਿੰਦਾ ਹੈ ਕਿ ਜਦੋਂ ਕਿਸੇ ਜੋੜੇ ਦਾ ਵਿਆਹ ਹੁੰਦਾ ਹੈ, ਤਾਂ ਉਹ ਪਹਿਲਾਂ ਤੋਂ ਹੀ ਇਹ ਤੈਅ ਨਹੀਂ ਕਰ ਸਕਦੇ ਕਿ ਉਨ੍ਹਾਂ ਦੇ ਬਾਅਦ ਵਿੱਚ ਵੱਖ ਹੋ ਜਾਣ ਦੀ ਸਥਿਤੀ ਵਿੱਚ ਸਾਂਭ-ਸੰਭਾਲ ਜਾਂ ਪਹੁੰਚ ਕਿਸਨੂੰ ਪ੍ਰਾਪਤ ਹੋਵੇਗੀ। ਤੁਹਾਡੇ ਸਮਝੌਤੇ ਦਾ ਉਹ ਹਿੱਸਾ ਜੋ ਸਾਂਭ-ਸੰਭਾਲ ਜਾਂ ਪਹੁੰਚ ਦੀ ਵਿਵਸਥਾ ਕਰਦਾ ਹੈ, ਲਾਗੂ ਨਹੀਂ ਕੀਤਾ ਜਾ ਸਕਦਾ।

## ਕੀ ਇਹ ਮਾਇਨੇ ਰੱਖਦਾ ਹੈ ਕਿ ਅਸੀਂ ਕਨੇਡਾ ਵਿੱਚ ਸਮਝੌਤਾ ਕੀਤਾ ਹੈ ਜਾਂ ਆਪਣੇ ਦੇਸ਼ ਵਿੱਚ?

ਨਹੀਂ। ਇਹ ਮਾਇਨੇ ਨਹੀਂ ਰੱਖਦਾ ਕਿ ਤੁਸੀਂ ਕਨੇਡਾ ਵਿੱਚ ਸਮਝੌਤਾ ਕੀਤਾ ਹੈ ਜਾਂ ਦੂਜੇ ਦੇਸ਼ ਵਿੱਚ। ਅਦਾਲਤ ਇਸਦਾ ਨਿਰਣਾ ਬੱਚੇ ਦੇ ਸਭ ਤੋਂ ਵਧੀਆ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਲਏਗੀ।

# ਟਿੱਪਣੀਆਂ